# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਸਮੂਹ ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ 2017-18 ਵਿੱਚ ਨੌਵੀਂ/ਦਸਵੀਂ ਅਤੇ 10+1/10+2 ਸ਼੍ਰੇਣੀ ਦੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ ਭਰਨ ਸਬੰਧੀ, ਹਦਾਇਤਾਂ ਤੇ ਫੀਸ ਦੀ ਸੂਚਨਾ ਸਕੂਲਾਂ ਦੀ Login ID ਅਤੇ ਬੋਰਡ ਦੀ ਵੈੱਬਸਾਈਟ www.pseb.ac.in ਦੇ **Registration Section** ਤੇ ਉਪਲੱਬਧ ਹਨ। ਦਾਖਲਾ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਦਾਖਲੇ ਸਬੰਧੀ ਹਦਾਇਤਾਂ ਅਨੁਸਾਰ ਕਰਨਾ ਯਕੀਨੀ ਬਣਾਇਆ ਜਾਵੇ, ਦਾਖਲੇ ਸਬੰਧੀ ਹਦਾਇਤਾਂ ਬੋਰਡ ਦੀ ਵੈਬ ਸਾਈਟ ਤੇ ਅਕਾਦਮਿਕ ਸੈਕਸ਼ਨ ਅਧੀਨ ਅਤੇ ਸਕੂਲ ਲਾਗਇੰਨ ਵਿੱਚ News ਸੈਕਸ਼ਨ ਅਧੀਨ ਉਪਲੱਬਧ ਹਨ। ਆਨ-ਲਾਈਨ ਐਂਟਰੀ ਲਈ ਐਪਲੀਕੇਸ਼ਨ ਸ਼ੁਰੂ ਹੋਣ ਦੀ ਮਿਤੀ, ਫੀਸ ਚਾਲਾਨ ਜਨਰੇਟ ਕਰਨ, ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣ ਅਤੇ ਖੇਤਰੀ ਦਫਤਰ ਵਿੱਚ ਫਾਈਨਲ ਪ੍ਰਿੰਟ ਦੀਆਂ ਕਾਪੀਆਂ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਦਾ ਸ਼ਡਿਊਲ ਵੱਖਰੇ ਤੌਰ ਤੇ ਪ੍ਰੈੱਸ ਨੋਟ ਅਤੇ ਪਬਲਿਕ ਨੋਟਿਸ ਰਾਹੀਂ ਜਾਰੀ ਕੀਤਾ ਜਾਵੇਗਾ। ਸਮ੍ਹੇਂ ਦੀ ਬੱਚਤ ਨੂੰ ਧਿਆਨ ਵਿੱਚ ਰੱਖਦਿਆ ਆਨਲਾਈਨ ਐਂਟਰੀ ਕਰਨ ਲਈ ਆਪਣਾ ਰਿਕਾਰਡ ਤਿਆਰ ਕਰਕੇ ਰੱਖ ਲਿਆ ਜਾਵੇ। ਬੋਰਡ ਤੋਂ ਸਾਲ 2017-18 ਲਈ ਨਵੇਂ ਮਾਨਤਾ ਪ੍ਰਾਪਤ ਸਕੂਲ, ਆਨਲਾਈਨ ਰਜਿਸਟਰਡ ਹੋਣ ਲਈ (ਸਕੂਲ ਲਾਗਇੰਨ ਆਈ.ਡੀ. ਪ੍ਰਾਪਤ ਕਰਨ ਲਈ) ਸਕੂਲ ਲੈਟਰ ਹੈੱਡ ਤੇ ਪ੍ਰਤੀ ਬੇਨਤੀ ਲਿਖਕੇ ਸਮੇਤ ਸਬੰਧਤ ਵਿਭਾਗ ਦਾ ਮਾਨਤਾ ਪੱਤਰ ਐਫੀਲੀਏਸ਼ਨ ਸ਼ਾਖਾ/ਕੰਪਿਊਟਰ ਸੈੱਲ ਨਾਲ ਤੁਰੰਤ ਸੰਪਰਕ ਕਰਨ। ਬਿਨ੍ਹਾਂ ਆਨਲਾਈਨ ਰਜਿਸਟਰਡ ਹੋਏ ਰਜਿਸਟਰ੍ਰੇਸ਼ਨ ਨਹੀਂ ਕੀਤੀ ਜਾ ਸਕੇਗੀ। ਸਕੂਲਾਂ ਵੱਲੋਂ ਬੋਰਡ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੇ ਜਾਂਦੇ ਦਿਸ਼ਾ ਨਿਰਦੇਸ਼ ਅਤੇ ਸੋਧਾਂ ਆਦਿ ਸਬੰਧੀ ਜਾਣਕਾਰੀ ਲਈ ਬੋਰਡ ਦੀ ਵੈੱਬ ਸਾਈਟ, ਸਕੂਲ ਦੀ Login ID ਅਤੇ ਬੋਰਡ ਨਾਲ ਰਜਿਸਟਰਡ Email ID ਨੂੰ ਲਗਾਤਾਰਤਾ ਵਿੱਚ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ। ਸਕੂਲ ਵੱਲੋਂ ਲਗਾਇੰਨ ਆਈ.ਡੀ. ਵਿੱਚ ਸਕੂਲ ਦੇ ਵੇਰਵਿਆ ਨੂੰ ਚੈੱਕ ਕਰ ਲਿਆ ਜਾਵੇ, ਸੋਧ ਦੀ ਸੂਰਤ ਵਿੱਚ ਲੈਟਰ ਪੈਡ ਸਮੇਤ ਐਫੀਲੀਏਸ਼ਨ ਸ਼ਾਖਾ, ਮੁੱਖ ਦਫਤਰ ਵਿਖੇ ਤੁਰੰਤ ਸੰਪਰਕ ਕੀਤਾ ਜਾਵੇ। ਰਜਿਸਟਰੇਸ਼ਨ ਸਬੰਧੀ ਕਿਸੇ ਸਹਾਇਤਾ ਲਈ ਪੋਰਟਲ ਵਿੱਚ ਦਿੱਤੇ ਰਜਿਸਟਰੇਸ਼ਨ ਸ਼ਾਖਾ ਦੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ ਜਾਂ ਨਿੱਜੀ ਤੌਰ ਤੇ ਸ਼ਾਖਾ ਵਿੱਚ ਸੰਪਰਕ ਕੀਤਾ ਜਾਵੇ।

ਸਕੱਤਰ